ਮਿੱਠੇ ਬੱਚੇ:- "ਮਿੱਠੇ ਬੱਚੇ :- ਤੁਸੀਂ ਇਸ ਰੂਹਾਨੀ ਯੂਨੀਵਰਸਿਟੀ ਵਿੱਚ ਆਏ ਹੋ ਬੁੱਧੂ ਤੋਂ ਬੁੱਧੀਵਾਨ ਬਣਨ, ਬੁੱਧੀਵਾਨ ਮਤਲਬ ਪਵਿੱਤਰ, ਪਵਿੱਤਰ ਬਣਨ ਦੀ ਪੜ੍ਹਾਈ ਤੁਸੀਂ ਹੁਣ ਕਰ ਰਹੇ ਹੋ"

ਪ੍ਰਸ਼ਨ:- ਬੁੱਧੀਵਾਂਨ ਬੱਚਿਆਂ ਦੀ ਮੁੱਖ ਨਿਸ਼ਾਨੀ ਸੁਣਾਓ?

ਉੱਤਰ:- ਬੁਧੀਵਾਂਨ ਬੱਚੇ ਗਿਆਨ ਵਿੱਚ ਸਦਾ ਰਮਨ ਕਰਦੇ ਰਹਿਣਗੇ। ਉਹਨਾਂ ਨੂੰ ਮੋਲਾਈ ਮਸਤੀ ਚੜ੍ਹੀ ਹੋਈ ਹੋਵੇਗੀ। ਉਹਨਾਂ ਦੀ ਬੁੱਧੀ ਵਿੱਚ ਸਾਰੇ ਸ੍ਰਿਸ਼ਟੀ ਚੱਕਰ ਦੀ ਨਾਲੇਜ਼ ਰਹਿੰਦੀ ਹੈ। ਨਸ਼ਾ ਰਹਿੰਦਾ ਹੈ ਕਿ ਸਾਡਾ ਬਾਬਾ ਸਾਡੇ ਲਈ ਪਰਮਧਾਮ ਤੋਂ ਆਇਆ ਹੋਇਆ ਹੈ। ਅਸੀਂ ਉਹਨਾਂ ਦੇ ਨਾਲ ਪਰਮਧਾਮ ਵਿੱਚ ਰਹਿੰਦੇ ਸੀ। ਸਾਡਾ ਬਾਬਾ ਗਿਆਨ ਦਾ ਸਾਗਰ ਹੈ, ਹੁਣ ਅਸੀਂ ਮਾਸਟਰ ਗਿਆਨ ਸਾਗਰ ਬਣੇ ਹਾਂ। ਅਸੀਂ ਉਹ ਮੁਕਤੀ ਜੀਵਨਮੁਕਤੀ ਦਾ ਵਰਸਾ ਦੇਣ ਆਏ ਹੈ।

ਗੀਤ:- ਕੌਣ ਆਇਆ ਮੇਰੇ ਮਨ ਕੇ ਦਵਾਰੇ...

ਓਮ ਸ਼ਾਂਤੀ। ਜੀਵ ਦੀ ਆਤਮਾ ਜਾਣਦੀ ਹੈ ਕਿ ਸਾਡਾ ਪਰਮਪਿਤਾ ਪਰਮਾਤਮਾ ਸਾਨੂੰ ਸਮੁੱਖ ਪੜ੍ਹਾ ਰਹੇ ਹਨ ਅਤੇ ਰਾਜਯੋਗ ਸਿੱਖਾ ਰਹੇ ਹਨ। ਤਾਂ ਜਿਵੇਂ ਕਿ ਇਹ ਈਸ਼ਵਰੀ ਯੂਨੀਵਰਸਿਟੀ ਠਹਿਰੀ। ਯੂਨੀਵਰਸਿਟੀ ਇਸਨੂੰ ਕਿਉਂ ਕਹਿੰਦੇ ਹਨ? ਇਵੇਂ ਨਹੀਂ, ਹੋਰ ਜੋ ਵੀ ਸਭ ਯੂਨੀਵਰਿਸਿਟੀ ਹੈ ਉਹ ਯੂਨੀਵਰਸ ਦੇ ਲਈ ਹੈ। ਨਹੀਂ। ਉਹ ਯੂਨੀਵਰਸ ਦੇ ਲਈ ਤਾਂ ਠਹਿਰੀ ਨਹੀਂ। ਤਾਂ ਉਹਨਾਂ ਨੂੰ ਯੂਨੀਵਰਿਸਿਟੀ ਨਹੀਂ ਕਹਾਂਗੇ। ਇੱਥੇ ਤੁਸੀਂ ਬੱਚੇ ਜਾਣਦੇ ਹੋ - ਇਹ ਸੱਚੀ - ਸੱਚੀ ਈਸ਼ਵਰੀ ਯੂਨੀਵਰਸਿਟੀ ਹੈ। ਪਰ ਕੋਈ ਵੀ ਸਮਝ ਨਹੀਂ ਸਕਦੇ ਹਨ ਕਿਉਂਕਿ ਬੁੱਧੂ ਹਨ। ਬੁੱਧੂ ਨੂੰ ਬੁੱਧੀਵਾਨ ਬਾਪ ਹੀ ਬਣਾਉਂਦੇ ਹਨ। ਮਨੁੱਖ ਬੁੱਧੀਵਾਨ ਦੇ ਅਗੇ ਮੱਥਾ ਝੁਕਾਉਂਦੇ ਹਨ। ਦੇਵੀ ਦੇਵਤਾਵਾਂ ਨੂੰ, ਸੰਨਿਆਸੀਆਂ ਆਦਿ ਨੂੰ ਮੱਥਾ ਝੁਕਾਉਂਦੇ ਹਨ।ਸੰਨਿਆਸੀ ਪਵਿੱਤਰ ਹਨ ਤਾਂ ਜਰੂਰ ਬੁੱਧੀਵਾਨ ਠਹਿਰੇ। ਪਵਿੱਤਰਤਾ ਨੂੰ ਚੰਗਾ ਮੰਨਦੇ ਹਨ। ਇਹ ਵਿਕਾਰ ਹੀ ਮਨੁੱਖ ਨੂੰ ਹੈਰਾਨ ਕਰਦੇ ਹਨ ਇਸਲਈ ਪਵਿੱਤਰ ਰਹਿਣ ਵਾਲੇ ਸੰਨਿਆਸੀਆਂ ਨੂੰ ਗ੍ਰਹਿਸਤੀ ਲੋਕ ਬੁੱਧੀਵਾਨ ਸਮਝਦੇ ਹਨ ਅਤੇ ਉਹਨਾਂ ਦੇ ਚਰਨਾਂ ਵਿੱਚ ਝੁਕਦੇ ਹਨ। ਬਸ, ਸੰਨਿਆਸੀ ਲਿਬਾਸ ਦੇਖਿਆ ਅਤੇ ਝੱਟ ਮੱਥਾ ਝੁਕਾਉਣਗੇ। ਹੁਣ ਤਾਂ ਉਹਨਾਂ ਦਾ ਮਾਨ ਘੱਟ ਹੋ ਗਿਆ ਹੈ ਇਸਲਈ ਸੰਭਲਕੇ ਕਦਮ ਉਠਾਉਂਦੇ ਹਨ। ਅੱਗੇ ਤਾਂ ਸੰਨਿਆਸੀਆਂ ਨੂੰ ਦੇਖ ਝੱਟ ਆਫ਼ਰ ਕਰਦੇ ਸਨ - ਸਵਾਮੀ ਜੀ, ਸਾਡੇ ਘਰ ਚੱਲੋ। ਹੁਣ ਤਾਂ ਟੂ ਮੱਚ ਹੋ ਗਏ ਹਨ ਅਤੇ ਤਮੋਂਪ੍ਰਧਾਨ ਬਣ ਗਏ ਹਨ ਇਸਲਈ ਜੋ ਬਹੁਤ ਨਾਮੀਗ੍ਰਾਮੀ ਹਨ ਉਹਨਾਂ ਦਾ ਹੀ ਮਾਨ ਹੁੰਦਾ ਹੈ। ਵੱਡੇ ਆਦਮੀ ਵੀ ਉਹਨਾਂ ਨੂੰ ਮੱਥਾ ਝੁਕਾਉਂਦੇ ਹਨ - ਕਿਉਂ? ਪੜ੍ਹੇ - ਲਿਖੇ ਤੇ ਸੰਨਿਆਸੀਆਂ ਤੋਂ ਵੀ ਜ਼ਿਆਦਾ ਹੈ। ਪਰ ਉਹ ਪਵਿੱਤਰ ਹਨ, ਸੰਨਿਆਸ ਕੀਤਾ ਹੈ ਇਸਲਈ ਬੁੱਧੀਵਾਨ ਮੰਨੇ ਜਾਂਦੇ ਹਨ। ਹੁਣ ਤੁਸੀਂ ਬੁੱਧੀਵਾਨ ਬਣਦੇ ਹੋ। ਤੁਸੀਂ ਹੁਣ ਰਚਿਯਤਾ ਅਤੇ ਰਚਨਾ ਦੇ ਆਦਿ - ਮੱਧ - ਅੰਤ ਨੂੰ ਜਾਣਦੇ ਹੋ। ਪਰ ਤੁਹਾਡੇ ਵਿੱਚ ਵੀ ਸਭ ਨੂੰ ਇਨਾਂ ਨਸ਼ਾ ਨਹੀਂ ਹੈ। ਨਸ਼ਾ ਚੜ੍ਹਨ ਵਿੱਚ ਵੀ ਟਾਇਮ ਬਹੁਤ ਲੱਗਦਾ ਹੈ। ਪੂਰਾ ਨਸ਼ਾ ਤਾਂ ਅੰਤ ਵਿੱਚ ਰਹਿੰਦਾ ਹੈ। ਹੁਣ ਜਿਨਾਂ -ਜਿਨਾਂ ਤੁਸੀਂ ਪੁਰਸ਼ਾਰਥ ਕਰਦੇ ਹੋ ਓਨਾ ਨਸ਼ਾ ਚੜਦਾ ਜਾਂਦਾ ਹੈ। ਨਿਰੰਤਰ ਇਹ ਯਾਦ ਰਹਿਣਾ ਚਾਹੀਦਾ ਹੈ - ਅਸੀਂ ਆਤਮਾਵਾਂ ਦਾ ਬਾਪ ਪਰਮਾਤਮਾ ਆਇਆ ਹੋਇਆ ਹੈ। ਸਾਨੂੰ ਪੜ੍ਹਾ ਰਹੇ ਹਨ- ਵਿਸ਼ਵ ਦਾ ਮਾਲਿਕ ਬਣਾਉਣ ਲਈ। ਤਾਂ ਪੁਰਸ਼ਾਰਥ ਕਰਨ ਦੀ ਸ਼ੁਭ ਚਿੰਤਾ ਹੋਣੀ ਚਾਹੀਦੀ ਹੈ। ਸਭ ਨੂੰ ਉਹ ਚਿੰਤਾ ਨਹੀਂ ਰਹਿੰਦੀ। ਇੱਥੇ ਸੁਣਦੇ ਸਮੇਂ ਨਸ਼ਾ ਚੜਿਆ, ਇਥੋਂ ਤੋਂ ਬਾਹਰ ਨਿਕਲਿਆ ਤੇ ਖੇਡ ਖ਼ਲਾਸ। ਨੰਬਰਵਾਰ ਹਨ ਨਾ। ਅਸੀਂ ਆਤਮਾਵਾਂ ਦਾ ਬਾਪ ਆਇਆ ਹੈ। ਅਸੀਂ ਉਹਨਾਂ ਦੇ ਕੋਲ ਪਰਮਧਾਮ ਵਿੱਚ ਰਹਿੰਦੇ ਸੀ। ਇਵੇਂ ਹੋਰ ਕੋਈ ਨਹੀਂ ਸਮਝਦੇ ਹਨ। ਸਾਧੂ - ਸੰਨਿਆਸੀ ਆਦਿ ਪਵਿੱਤਰ ਹਨ। ਤੁਹਾਡੀ ਵਿੱਚ ਵੀ ਨੰਬਰਵਾਰ ਹਨ। ਸਭ ਨੂੰ ਇਹ ਨਿਸ਼ਚੇ ਨਹੀਂ ਬੈਠਿਆ ਹੈ ਕਿ ਸਾਡਾ ਪਰਮਪਿਤਾ ਪਰਮਾਤਮਾ ਗਿਆਨ ਦਾ ਸਾਗਰ ਹੈ,ਜੀਵਨਮੁਕਤੀ ਦਾਤਾ ਹੈ ਜੋ ਤੁਹਾਨੂੰ ਸਵਰਗ ਦਾ ਮਾਲਿਕ ਬਣਾਉਂਦੇ ਹਨ। ਇਥੋਂ ਪੈਰ ਕਢਿਆ ਤੇ ਖੁਸ਼ੀ ਗੁੱਮ ਹੋ ਜਾਂਦੀ ਹੈ। ਨਹੀਂ ਤਾਂ ਤੁਹਨੂੰ ਬੱਚਿਆਂ ਨੂੰ ਕਿੰਨੀ ਖੁਸ਼ੀ ਰਹਿਣੀ ਚਾਹੀਦੀ ਹੈ! ਮੈਂ ਵੀ ਇਸ ਤਨ ਦਾ ਆਧਾਰ ਲਿਆ ਹੈ। ਨਹੀਂ ਤਾਂ ਰਾਜਯੋਗ ਕਿਵੇਂ ਸਿਖਾਵਾਂ? ਮੈਨੂੰ ਆਪਣਾ ਸ਼ਰੀਰ ਨਹੀਂ ਹੈ ਮੰਦਿਰਾਂ ਵਿੱਚ ਦੇਖਣਗੇ ਤਾਂ ਸਭਨੂੰ ਆਪਣਾ ਸ਼ਰੀਰ ਹੈ। ਮੈਂ ਤਾਂ ਅਸ਼ਰੀਰੀ ਹਾਂ। ਹੋਰ ਸਭ ਨੂੰ ਆਕਾਰੀ ਅਤੇ ਸਾਕਾਰੀ ਸ਼ਰੀਰ ਮਿਲਿਆ ਹੋਇਆ ਹੈ। ਮੇਰਾ ਸ਼ਰੀਰ ਨਹੀਂ ਹੈ। ਸੋਮਨਾਥ ਦਾ ਮੰਦਿਰ ਹੈ ਮਤਲਬ ਸ਼ਿਵ ਦੇ ਮੰਦਿਰ ਵਿੱਚ ਜਿੱਥੇ ਵੀ ਜਾਓ ਉੱਥੇ ਨਿਰਾਕਾਰੀ ਰੂਪ ਹੈ। ਸਿਰਫ਼ ਨਾਮ ਭਿੰਨ - ਭਿੰਨ ਰੱਖ ਦਿੱਤੇ ਹਨ। ਇਹ ਤਾਂ ਜਾਣਦੇ ਹੋ ਆਤਮਾ ਪਰਮਧਾਮ ਤੋਂ ਆਉਦੀ ਹੈ। ਭਿੰਨ - ਭਿੰਨ ਸ਼ਰੀਰ ਧਾਰਨ ਕਰ ਪਾਰ੍ਟ ਵਜਾਉਂਦੀ ਹੈ। ਮੈਂ ਇਸ 84 ਵਿੱਚ ਨਹੀਂ ਆਉਂਦਾ ਹਾਂ। ਮੈਂ ਹਾਂ ਪਰਮਧਾਮ ਵਿੱਚ ਰਹਿਣ ਵਾਲਾ। ਇਸ ਸ਼ਰੀਰ ਵਿੱਚ ਆਇਆ ਹਾਂ। ਤੁਸੀਂ ਕਹੋਗੇ ਨਿਰਾਕਾਰ ਫਿਰ ਕਿਵੇ ਆਉਂਦੇ ਹਨ? ਹਾਂ, ਆ ਸਕਦੇ ਹਨ। ਤੁਸੀਂ ਲੋਕ ਪਿਤਰ ਖਵਾਉਂਦੇ ਹੋ ਤਾਂ ਆਤਮਾ ਆਉਂਦੀ ਹੈ ਨਾ। ਸ਼ਰੀਰ ਤਾਂ ਨਹੀਂ ਆਉਂਦਾ। ਆਤਮਾ ਪ੍ਰਵੇਸ਼ ਕਰਦੀ ਹੈ। ਸਮਝਦੇ ਹਨ ਆਤਮਾ ਦੂਸਰੇ ਸ਼ਰੀਰ ਵਿੱਚ ਪ੍ਰਵੇਸ਼ ਕਰਦੀ ਹੈ। ਕਈ ਤਾਂ ਭੂਤ ਦੀਆਂ ਆਤਮਾਵਾਂ ਬਹੁਤ ਚੰਚਲ ਹੁੰਦੀਆਂ ਹਨ। ਪੱਥਰ ਆਦਿ ਮਾਰਦੀ ਹੈ। ਆਤਮਾ ਸ਼ਰੀਰ ਵਿੱਚ ਆਉਂਦੀ ਹੈ ਉਦੋਂ ਕੁਝ ਕਰ ਸਕਦੀ ਹੈ, ਉਸਨੂੰ ਘੋਸਟ ਕਹਿੰਦੇ ਹਨ। ਅਸ਼ੁੱਧ ਆਤਮਾਵਾਂ ਵੀ ਪਰਵੇਸ਼ ਕਰਦੀਆਂ ਹਨ। ਤੁਹਾਨੂੰ ਬੱਚਿਆਂ ਨੂੰ ਵੀ ਅਨੁਭਵ ਹੈ ਕਿ ਕਿਵੇਂ ਅਸ਼ੁੱਧ ਆਤਮਾਵਾਂ ਭਟਕਦੀਆਂ ਹਨ। ਜਦੋਂ ਤੱਕ ਉਹਨਾਂ ਨੂੰ ਆਪਣਾ ਸ਼ਰੀਰ ਮਿਲੇ। ਸ਼ੁੱਧ ਆਤਮਾਵਾਂ ਵੀ ਆਉਦੀਆਂ ਹਨ। ਇਹ ਵੀ ਡਰਾਮੇ ਵਿੱਚ ਨੂੰਧਿਆ ਹੈ। ਜੋ ਕੁਝ ਪਾਸ ਹੋਇਆ ਡਰਾਮੇ ਦਾ

ਖੇਡ ਹੈ। ਬਾਪ ਸਮਝਾਉਂਦੇ ਹਨ - ਮੈਂ ਆਕੇ ਸਾਧਾਰਨ ਬੁੱਢੇ ਤਨ ਵਿੱਚ ਪ੍ਰਵੇਸ਼ ਕਰਦਾ ਹਾਂ। ਜਰੂਰ ਅਨੁਭਵੀ ਦਾ ਸ਼ਰੀਰ ਚਾਹੀਦਾ ਹੈ ਨਾ। ਬ੍ਰਹਮਾ ਦਾ ਨਾਮ ਮਸ਼ਹੂਰ ਹੈ। ਬ੍ਰਹਮਾ ਦੀ ਰਾਏ ਵੀ ਮਸ਼ਹੂਰ ਹੈ। ਬ੍ਰਹਮਾ ਦੀ ਰਾਏ ਵੀ ਮਸ਼ਹੂਰ ਹੈ। ਬ੍ਰਹਮਾ ਨੂੰ ਫਿਰ ਕਿਥੋਂ ਰਾਏ ਮਿਲੀ? ਬ੍ਰਹਮਾ ਹੈ ਸ਼ਿਵਬਾਬਾ ਦਾ ਬੱਚਾ। ਤਾਂ ਉਹਨਾਂ ਦੀ ਹੈ ਸ਼੍ਰੀਮਤ। ਤਾਂ ਜਰੂਰ ਮੁਖ ਸ਼੍ਰੀ ਮਤ ਬ੍ਰਹਮਾ ਦੀ ਹੋਣੀ ਚਾਹੀਦੀ ਹੈ ਜਿਸਵਿੱਚ ਬਾਪ ਪ੍ਰਵੇਸ਼ ਕਰਦੇ ਹਨ। ਭਾਰਤਵਾਸੀ ਇਹਨਾਂ ਗੱਲਾਂ ਨੂੰ ਨਹੀਂ ਜਾਣਦੇ ਉਹ ਤਾਂ ਸਮਝਦੇ ਹਨ - ਸਭ ਇੱਕ ਹੀ ਇੱਕ ਹੈ। ਸ਼੍ਰੀਕ੍ਰਿਸ਼ਨ ਸ਼ਿਵ ਆਦਿ ਸਭ ਇੱਕ ਹੀ ਹਨ। ਸ਼੍ਰੀਕ੍ਰਿਸ਼ਨ ਨੂੰ ਮਹਾਤਮਾ ਯੋਗੇਸ਼ਵਰ ਕਹਿੰਦੇ ਹਨ। ਪਰ ਕਿਉਂ ਕਹਿੰਦੇ ਹਨ? ਇਹ ਤਾਂ ਸਮਝਦੇ ਨਹੀਂ। ਸ਼੍ਰੀਕ੍ਰਿਸ਼ਨ ਦੀ ਆਤਮਾ ਹੁਣ ਈਸ਼ਵਰ ਤੋਂ ਯੋਗ ਸਿੱਖ ਯੋਗੇਸ਼ਵਰ ਬਣ ਰਹੀ ਹੈ। ਕਿੰਨਾ ਗੁਹੇ ਰਾਜ ਹੈ! ਮਨੁੱਖ ਤਾਂ ਕਹਿ ਦਿੰਦੇ - ਪਰਮਾਤਮਾ ਨਾਮ - ਰੂਪ ਤੋਂ ਨਿਆਰਾ ਹੈ, ਉਹਨਾਂ ਦਾ ਸ਼ਰੀਰ ਹੈ ਨਹੀਂ। ਪਰ ਤੁਸੀਂ ਤਾਂ ਕਹਿੰਦੇ ਹੋ - ਸੋਮਨਾਥ ਦਾ ਮੰਦਿਰ ਸ਼ਿਵ ਦੇ ਅਵਤਰਨ ਦਾ ਯਾਦਗਾਰ ਹੈ। ਜਰੂਰ ਕਲਪ ਪਹਿਲੇ ਸ਼ਿਵਬਾਬਾ ਆਇਆ ਹੋਇਆ ਸੀ ਅਤੇ ਹੁਣ ਆਇਆ ਹੋਇਆ ਹੈ। ਫਿਰ ਦਵਾਪਰ ਵਿੱਚ ਉਹਨਾਂ ਦੀ ਭਗਤੀ ਸ਼ੁਰੂ ਹੁੰਦੀ ਹੈ। ਸ਼ਿਵਰਾਤਰੀ ਮਨਾਉਂਦੇ ਹਨ।

ਬਾਪ ਬੈਠ ਸਮਝਾਉਂਦੇ ਹਨ, ਤੁਸੀਂ ਆਤਮਾਵਾਂ ਪਰਮਧਾਮ ਤੋਂ ਆਈ ਹੋ ਪਾਰ੍ਟ ਵਜਾਉਣ। ਆਤਮਾ ਅਵਿਨਾਸ਼ੀ ਹੈ। ਇਸਵਿੱਚ 84 ਜਨਮਾਂ ਦਾ ਪਾਰ੍ਟ ਭਰਿਆ ਹੋਇਆ ਹੈ। ਜਿਵੇਂ ਬਾਪ ਪੁਰਾਣੇ ਸ਼ਰੀਰ ਵਿੱਚ ਆਏ ਹਨ ਉਵੇਂ ਤੁਸੀਂ ਵੀ ਪੁਰਾਣੇ ਸ਼ਰੀਰ ਵਿੱਚ ਹੋ। ਬਾਬਾ ਇਸ ਪੁਰਾਣੇ ਸ਼ਰੀਰ ਤੋਂ ਲਿਬ੍ਰੇਟ ਕਰ ਨਵਾਂ ਦਿੰਦੇ ਹਨ। ਯੁਕਤੀ ਦੱਸਦੇ ਹਨ ਕੀ ਕੌੜੀ ਤੁਲਜ ਤੋਂ ਹੀਰੇ ਵਾਂਗੂੰ ਕਿਵੇਂ ਬਣੋਂ? ਗਾਉਂਦੇ ਵੀ ਹਨ - ਮਾਸ਼ੂਕ ਇੱਕ। ਬਾਪ ਕਹਿੰਦੇ ਹਨ - ਮੈਂ ਪਰਮਧਾਮ ਦਾ ਰਹਿਵਾਸੀ ਹਾਂ, ਤੁਸੀਂ ਵੀ ਪਰਮਧਾਮ ਵਿੱਚ ਰਹਿਣ ਵਾਲੇ ਹੋ। ਮੈਂ ਪੁਰਾਣੇ ਤੇ ਪੁਰਾਣੇ ਸ਼ਰੀਰ ਵਿੱਚ ਆਇਆ ਹਾਂ। ਤੁਹਾਡਾ ਵੀ 84 ਜਨਮਾਂ ਦੇ ਅੰਤ ਦਾ ਇਹ ਪਤਿਤ ਤਨ ਹੈ। ਤੁਸੀਂ ਵੀ ਆਪਣੇ ਨੂੰ ਆਤਮਾ ਸਮਝੋਂ। ਅਸੀਂ 84 ਜਨਮ ਭੋਗ ਪੂਰੇ ਕੀਤੇ ਹਨ। ਹੁਣ ਫਿਰ ਨਵੀਂ ਦੁਨੀਆਂ ਵਿੱਚ ਸਾਨੂੰ ਨਵਾਂ ਸ਼ਰੀਰ ਮਿਲੇਗਾ। ਤਾਂ ਕਿੰਨੀ ਖੁਸ਼ੀ ਵਿੱਚ ਰਹਿਣਾ ਚਾਹੀਦਾ ਹੈ। ਨੰਬਰਵਾਰ ਹਨ, ਕਈ ਤਾਂ ਬਿਲਕੁਲ ਹੀ ਡਲਹੈਡ ਹਨ। ਮਾਇਆ ਨੇ ਬਿਲਕੁਲ ਪੱਥਰ -ਬੁੱਧੀ ਬਣਾ ਦਿੱਤਾ ਹੈ। ਜਿਵੇਂ ਗਰਮ ਤਵੇ ਤੇ ਪਾਣੀ ਪਾਓ ਤਾਂ ਬਿਲਕੁਲ ਸੁੱਕ ਜਾਏਗਾ। ਇਵੇਂ ਤੱਤੇ ਤਵੇ ਹਨ। ਅਰੇ, ਤੁਸੀਂ ਆਪਣੇ ਨੂੰ ਸਿਰਫ਼ ਆਤਮਾ, ਬਾਪ ਦੀ ਸੰਤਾਨ ਸਮਝੋਂ। ਉਹ ਵੀ ਸਮਝਦੇ ਨਹੀਂ! ਜੇਕਰ ਸਮਝਦੇ ਤਾਂ ਅਸ਼ਚਿਰਯਵਤ ਭਗੰਤੀ ਕਿਉਂ ਹੋ ਜਾਂਦੇ? ਮਾਇਆ ਬੜੀ ਜ਼ਬਰਦਸਤ ਹੈ। ਕੋਈ ਗ਼ਫ਼ਲਤ ਕੀਤੀ ਤਾਂ ਮਾਇਆ ਥੱਪੜ ਮਾਰ ਦਵੇਗੀ, ਅਰੇ, ਬਾਬਾ ਆਇਆ ਹੈ ਵਰਸਾ ਦੇਣ, ਫਿਰ ਵੀ ਤੁਸੀਂ ਵਿਕਾਰੀ ਬਣਦੇ ਹੋ! ਬੜਾ ਜਬਰਦਸਤ ਥੱਪੜ ਮਾਰੇਗੀ। ਬਾਪ ਤੇ ਥੱਪੜ ਨਹੀਂ ਮਾਰਨਗੇ। ਮਾਇਆ ਥੱਪੜ ਮਾਰ ਮੂੰਹ ਫੇਰ ਦਿੰਦੀ ਹੈ।

ਇਵੇਂ ਮਾਇਆ ਦੇ ਥੱਪੜ ਖਾਦੇ ਰਹਿੰਦੇ ਹਨ। ਮਾਇਆ ਵੀ ਕਹਿੰਦੀ ਹੈ - ਤੁਸੀ ਬਾਪ ਨੂੰ ਯਾਦ ਨਹੀਂ ਕਰਦੇ ਹੋ ਤਾਂ ਮੈਂ ਮਾਰ੍ਹੀ ਹਾਂ। ਮਾਇਆ ਨੂੰ ਹੁਕਮ ਮਿਲਿਆ ਹੋਇਆ ਹੈ। ਬੁੱਧੀਹੀਣ ਨੂੰ ਬੁੱਧੀਵਾਨ ਬਨਾਉਣਾ ਹੈ ਤਾਂ ਕਿਉਂ ਨਹੀਂ ਸਰਵਿਸ ਕਰਦੇ ਹੋ। ਕੀ ਹੁਣ ਤੱਕ ਮਾਇਆ ਦੇ ਮੋਚਰੇ ਖਾਂਦੇ ਰਹਿਣਾ ਹਨ! ਬਹੁਤ ਮੋਚਰਾ ਖਾਂਦੇ ਹਨ -ਕਿਸੇ ਨੂੰ ਕ੍ਰੋਧ ਦਾ, ਕਿਸੇ ਨੂੰ ਮੋਹ ਦਾ ਮੋਚਰਾ। ਬਾਪ ਕਹਿੰਦੇ ਹਨ - ਤੁਸੀਂ ਸਭ ਕੁਝ ਸਰੈਂਡਰ ਕਰ ਟ੍ਰਸਟੀ ਹੋ ਰਹੋ। ਵਿਕਾਰ ਵੀ ਦਾਨ ਵਿੱਚ ਦਿੱਤਾ ਫਿਰ ਕੰਮ ਵਿੱਚ ਕਿਉਂ ਲਿਆਉਂਦੇ ਹੋ! ਵਿਕਾਰਾਂ ਦਾ ਤਾਂ ਕੋਈ ਰੂਪ ਨਹੀਂ ਹੈ। ਧਨ ਦੇ ਲਈ ਕਹਾਂਗੇ ਟ੍ਰਸਟੀ ਹੋ ਰਹੋ। ਭਾਵੇਂ ਕੰਮ ਵਿੱਚ ਲਗਾਉਣਾ ਪਰ ਬਹੁਤ ਸੰਭਾਲ ਨਾਲ, ਬਾਪ ਦੀ ਸ਼੍ਰੀਮਤ ਨਾਲ। ਪੈਸੇ ਨਾਲ ਕੋਈ ਅਜਿਹਾ ਵਿਕਰਮ ਨਹੀਂ ਕਰਨਾ। ਨਹੀਂ ਤਾਂ ਉਸਦਾ ਬੋਝ ਸਾਰਾ ਤੁਹਾਡੇ ਸਿਰ ਤੇ ਚੜ੍ਹੇਗਾ।

ਮਾਇਆ ਬੜੀ ਤਮੋਪ੍ਰਧਾਨ ਹੈ। ਉਹ ਵੀ ਜਾਣਦੀ ਹੈ - ਇਹ ਬਾਪ ਨੂੰ ਠੀਕ ਤਰ੍ਹਾਂ ਯਾਦ ਨਹੀਂ ਕਰਦੇ ਹਨ ਇਸਲਈ ਮਾਰੋ ਇਹਨਾਂ ਨੂੰ ਥੱਪੜ। ਮਾਇਆ ਕਹਿੰਦੀ ਹੈ - ਜੇਕਰ ਬਾਪ ਅਤੇ ਵਰਸੇ ਨੂੰ ਯਾਦ ਨਹੀਂ ਕਰੋਂਗੇ ਤਾਂ ਮੈਂ ਥੱਪੜ ਮਾਰ ਦਵਾਂਗੀ। ਬਹੁਤ ਬੱਚੇ ਲਿਖਦੇ ਵੀ ਹਨ - ਬਾਬਾ, ਮਾਇਆ ਨੇ ਥੱਪੜ ਮਾਰ ਦਿੱਤਾ। ਬਾਬਾ ਵੀ ਲਿਖਦੇ ਹਨ - ਹਾਂ ਬੱਚੇ, ਮਾਇਆ ਨੂੰ ਹੁਕਮ ਮਿਲਿਆ ਹੋਇਆ ਹੈ, ਖੂਬ ਥੱਪੜ ਮਾਰੋ ਕਿਉਂਕਿ ਤੁਸੀਂ ਮੇਰਾ ਬਣਦੇ ਨਹੀਂ ਹੋ। ਤੁਹਾਨੂੰ ਸਦਾ ਸੁਖੀ ਬਣਾਉਣ ਆਇਆ ਹਾਂ, ਤਾਂ ਵੀ ਤੁਸੀਂ ਬੱਚੇ ਯਾਦ ਨਹੀਂ ਕਰਦੇ ਹੋ। ਹੈ ਵੀ ਬੜਾ ਸਹਿਜ। ਪਰ ਟਾਇਮ ਲੱਗਦਾ ਹੈ। ਨਹੀਂ ਤਾਂ ਬਾਪ ਅਤੇ ਵਰਸੇ ਨੂੰ ਯਾਦ ਕਰ ਖੁਸ਼ੀ ਦਾ ਪਾਰਾ ਚੜ੍ਹ ਜਾਣਾ ਚਾਹੀਦਾ ਹੈ। ਆਖਿਰ ਵਿੱਚ ਯਾਦ ਕਰਦੇ - ਕਰਦੇ ਡੂਬਕੀ (ਹਿਚਕੀ) ਆਏ, - ਬਸ, ਅਸੀਂ ਬਾਬਾ ਦੇ ਕੋਲ ਚਲਾ ਜਾਂਦਾ ਹਾਂ। ਫਿਰਆ ਜਾਵਾਂਗਾ ਸਵਰਗ ਵਿੱਚ। ਇਕਦਮ ਜਿਵੇਂ ਮੋਲਾਈ ਬਣ ਚਲੇ ਜਾਣਗੇ।

ਅੱਛਾ! ਇਹ ਤਾਂ ਕੋਈ ਨਹੀਂ ਜਾਣਦੇ ਹਨ - ਆਤਮਾ ਆਸ਼ਿਕ ਹੈ ਪਰਮਪਿਤਾ ਪਰਮਾਤਮਾ ਦੀ। ਸੱਚੇ - ਸੱਚੇ ਆਸ਼ਿਕ ਤੁਸੀਂ ਹੋ। ਅੱਧਾ ਕਲਪ ਤੁਸੀਂ ਆਸ਼ਿਕ ਬਣ ਮਾਸ਼ੂਕ ਨੂੰ ਖੂਬ ਯਾਦ ਕਰਦੇ ਹੋ। ਪਰ ਇਹ ਜਾਣਦੇ ਨਹੀਂ ਕਿ ਆਤਮਾ ਪਰਮਾਤਮਾ ਤੇ ਆਸ਼ਿਕ ਹੁੰਦੀ ਹੈ। ਉਹ ਤਾਂ ਕਹਿ ਦਿੰਦੇ - ਆਤਮਾ ਸੋ ਪਰਮਾਤਮਾ, ਪਰਮਾਤਮਾ ਸੋ ਆਤਮਾ। ਇੱਥੇ ਤਾਂ ਬਹੁਤ ਫ਼ਰਕ ਹੈ। ਤੁਸੀਂ ਜਾਣਦੇ ਹੋ- ਪਰਮਾਤਮਾ ਹੈ ਮਾਸ਼ੂਕ। ਉਹ ਪਵਿੱਤਰ ਸੋਲ ਸਾਨੂੰ ਕਿੰਨਾ ਖੂਬਸੂਰਤ ਬਣਾਉਂਦੀ ਹੈ। ਅਸੀਂ ਆਤਮਾ ਗੰਦੀ ਬਣਨ ਨਾਲ ਜੇਵਰ ਵੀ ਗੰਦੇ ਬਣ ਜਾਂਦੇ ਹਾਂ। ਬਾਬਾ ਆਏ ਹਨ ਫਿਰ ਗੋਰਾ ਬਣਾਉਣ ਫਿਰ ਸ਼ਰੀਰ ਵੀ ਗੋਲਡਨ ਏਜਡ ਮਿਲੇਗਾ। ਖਾਦ ਸੋਨੇ ਵਿੱਚ ਪਾਉਂਦੇ ਹਨ ਨਾ।

ਹੁਣ ਦੇਖੋ - ਇਹ ਮੰਦਿਰ ਹੈ ਆਦਿ ਦੇਵ ਦਾ। ਉਹਨਾਂ ਦਾ ਨਾਮ ਕਿਸੇ ਨੇ ਮਹਾਂਵੀਰ ਰੱਖ ਦਿੱਤਾ। ਅਰਥ ਕੁਝ ਨਹੀਂ ਜਾਣਦੇ। ਹਨੂਮਾਨ ਨੂੰ ਵੀ ਮਹਾਵੀਰ ਕਹਿ ਦਿੰਦੇ ਹਨ। ਹੁਣ ਕਿੱਥੇ ਹਨੂਮਾਨ, ਕਿੱਥੇ ਫਿਰ ਆਦਿ ਦੇਵ ਨੂੰ ਵੀ ਮਹਾਵੀਰ ਕਹਿ ਦਿੰਦੇ। ਜੈਨੀ ਮਹਾਰਾਜ ਮੁਨੀ ਨੇ ਜੋ ਕੁਝ ਕਿਹਾ ਉਹ ਚਲ ਪਿਆ। ਅੱਜ ਕਲ ਤੇ ਰਿਧੀ - ਸਿੱਧੀ ਵੀ ਬਹੁਤ ਹੋ ਗਈ ਹੈ। ਇਹ ਬਾਬਾ ਸਭਨੂੰ ਜਾਣਦੇ ਹਨ। ਬਹੁਤ

ਮਿਹਨਤ ਕਰਦੇ ਹਨ। ਹੱਥ ਤੋਂ ਕੇਸਰ ਕੱਢਦੇ ਹਨ। ਮਨੁੱਖ ਸਮਝਦੇ ਹਨ - ਬਸ, ਕਮਾਲ ਹੈ। ਝੱਟ ਫਾਲੋਅਰਸ ਬਣ ਜਾਂਦੇ ਹਨ। ਰਿਧੀ - ਸਿੱਧੀ ਵਾਲੀਆਂ ਦੇ ਤਾਂ ਢੇਰ ਫਲੋਅਰਸ ਹਨ। ਇੱਥੇ ਤੇ ਇਹ ਗੱਲ ਨਹੀਂ ਹੈ।

ਬਾਬਾ ਕਹਿੰਦੇ ਹਨ - ਮੈਂ 5 ਹਜ਼ਾਰ ਵਰ੍ਹੇ ਪਹਿਲੇ ਮੁਆਫਿਕ ਆਇਆ ਹਾਂ। ਇਵੇਂ ਕੋਈ ਕਹਿ ਨਾ ਸਕੇ। ਬੱਚੇ ਕਹਿੰਦੇ ਹਨ -ਬਾਬਾ, 5 ਹਜ਼ਾਰ ਵਰ੍ਹੇ ਪਹਿਲੇ ਅਸੀਂ ਆਏ ਸੀ ਤੁਹਾਡੇ ਕੋਲੋਂ ਸਵਰਗ ਦਾ ਵਰਸਾ ਪਾਇਆ ਸੀ। ਹੁਣ ਫਿਰ ਪਰਮਪਿਤਾ ਪਰਮਾਤਮਾ ਸ਼ਿਵ ਦੇ ਬੱਚੇ ਆਕੇ ਬਣੇ ਹਨ ਇਸ ਬ੍ਰਹਮਾ ਦਵਾਰਾ। ਦੁਨੀਆਂ ਹੈ ਕਲਿਯੁਗ ਵਿੱਚ ਬ੍ਰਾਹਮਣ ਕਿਥੋਂ ਤੋਂ ਆਏ? ਬ੍ਰਾਹਮਣ ਤਾਂ ਸੰਗਮ ਤੇ ਚਾਹੀਦੇ ਹਨ। ਪੈਰ ਅਤੇ ਚੋਟੀ, ਸੰਗਮ ਹੋਇਆ ਨਾ। ਸ਼ੂਦਰ ਅਤੇ ਬ੍ਰਾਹਮਣ ਦਾ ਸੰਗਮ। ਸ਼ੂਦਰ ਤੋਂ ਫਿਰ ਬ੍ਰਾਹਮਣ ਬਣਦੇ ਹਨ। ਇਹ 84 ਦਾ ਚੱਕਰ ਤੇ ਕੋਈ ਨਹੀਂ ਜਾਣਦੇ। ਤੁਸੀਂ ਜਾਣਦੇ ਹੋ - ਅਸੀਂ ਬ੍ਰਾਹਮਣ ਹਾਂ, ਬ੍ਰਹਮਾ ਦੀ ਔਲਾਦ ਪ੍ਰੈਕਟੀਕਲ ਵਿੱਚ ਬਣੇ ਹਨ। ਉਹਨਾਂ ਬ੍ਰਾਹਮਣਾਂ ਨੂੰ ਤੁਸੀਂ ਕਹਿ ਸਕਦੇ ਹੋ - ਤੁਸੀਂ ਬ੍ਰਾਹਮਣ ਆਪਣੇ ਨੂੰ ਬ੍ਰਹਮਾ ਦੀ ਔਲਾਦ ਕਹਾਉਂਦੇ ਹੋ। ਅੱਛਾ, ਬ੍ਰਹਮਾ ਦਾ ਬਾਪ ਕੌਣ ਹੈ? ਦਸ ਨਹੀਂ ਸਕਣਗੇ। ਡਿਬੀ ਵਿੱਚ ਠੀਕਰੀ। ਬਸ, ਅਸੀਂ ਬ੍ਰਾਹਮਣ ਹੀ ਭਗਵਾਨ ਹਾਂ। ਤੁਸੀਂ ਸਭ ਭਗਤ ਸੀ। ਹੁਣ ਕਹਿੰਦੇ ਹੋ - ਅਸੀਂ ਲਕਸ਼ਮੀ ਨੂੰ ਵਰਨ ਲਾਇਕ ਬਣ ਰਹੇ ਹਾਂ। ਇਸਵਿੱਚ ਹੀ ਪੁਰਸ਼ਾਰਥ ਚੱਲਦਾ ਹੈ। ਸਮਝੋਂ ਪੁਰਸ਼ਾਰਥ ਚਲਦਾ ਹੈ। ਸਮਝੋਂ, ਅਸੀਂ ਪਰਮਧਾਮ ਤੋਂ ਆਏ ਹਾਂ। ਹੁਣ ਬਾਬਾ ਫਿਰ ਵਾਪਿਸ ਲੈ ਜਾਣ ਦੇ ਲਈ ਆਏ ਹਨ। ਅਸੀਂ ਵੀ ਬ੍ਰਾਹਮੰਡ ਦੇ ਮਾਲਿਕ ਹਾਂ। ਬਾਬਾ ਵੀ ਪੁਰਾਣੇ ਤਨ ਵਿੱਚ ਆਏ ਹਨ। ਅਸੀਂ ਵੀ ਪੁਰਾਣੇ ਤਨ ਵਿੱਚ ਹਾਂ। ਬਾਪ ਕਹਿੰਦੇ ਹਨ - ਸਾਨੂੰ ਵੀ ਪੁਰਾਣਾ ਤਨ ਲੈਣਾ ਪੈਂਦਾ ਹੈ। ਹੁਣ ਮੈਨੂੰ ਬਾਪ ਨੂੰ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋਣਗੇ। ਟਾਇਮ ਵੀ ਦਿੰਦੇ ਹਨ। ਪਾਂਡਵ ਗੋਰਮਿੰਟ ਦੀ ਸਰਵਿਸ ਘੱਟ ਤੋਂ ਘੱਟ 8 ਘੰਟਾ ਹੋਣੀ ਚਾਹੀਦੀ ਹੈ। ਰਾਜਯੋਗ ਸਿਖਾਉਣਾ ਹੈ। ਸੰਖਧਵਨੀ ਕਰਨੀ ਹੈ। ਤੁਸੀਂ ਸ਼੍ਰੀਮਤ ਨਾਲ ਭਾਰਤ ਨੂੰ ਖਾਸ ਦੁਨੀਆਂ ਨੂੰ ਆਮ ਸਵਰਗ ਬਣਾਉਂਦੇ ਹੋ। ਸਵਰਗ ਵਿੱਚ ਸਿਰਫ਼ ਤੁਸੀਂ ਆਉਂਦੇ ਹੋ ਅਤੇ ਹੋਰ ਧਰਮ ਵਾਲੇ ਨਹੀਂ ਆਉਂਦੇ। ਬ੍ਰਾਹਮਣ ਦੇਵਤੇ ਸ਼ਤ੍ਰੀਯ, ਵੈਸ਼ਯ, ਸ਼ੂਦਰ - ਇਸਨੂੰ ਵਿਰਾਟ ਸਵਰੂਪ ਕਿਹਾ ਜਾਂਦਾ ਹੈ। ਇੱਕ ਵਿਰਾਟ ਰੂਪ ਦਾ ਵੀ ਚਿੱਤਰ ਬਣਾਉਣਾ ਚਾਹੀਦਾ ਹੈ ਜੋ ਮਨੁੱਖਾਂ ਨੂੰ ਸਹਿਜ ਸਮਝ ਆਏ। ਵਿਸ਼ਨੂੰ ਨੂੰ ਵਿਰਾਟ ਸਵਰੂਪ ਵਿੱਚ ਲੈ ਆਏ ਹਨ। ਚਿੱਤਰ ਤਾਂ ਜਰੂਰ ਚਾਹੀਦੇ ਹਨ ਨਾ। ਸਕੂਲ ਵਿੱਚ ਵੀ ਚਿੱਤਰ ਰੱਖਦੇ ਹਨ। ਨਹੀਂ ਤਾਂ ਬੱਚਾ ਕੀ ਜਾਣੇ - ਹਾਥੀ ਕੀ ਹੁੰਦਾ ਹੈ? ਚਿਤਰਾਂ ਤੇ ਦਿਖਾਉਂਦੇ ਹਨ। ਤਾਂ ਇਹ ਵੀ ਚਾਰ ਯੁਗ ਹਨ। ਹੁਣ ਕਲਿਯੁਗ ਹੈ। ਜਰੂਰ ਚੱਕਰ ਫਿਰੇਗਾ। ਬ੍ਰਾਹਮਣ ਤੇ ਸੰਗਮ ਤੇ ਹੁੰਦੇ ਹਨ। ਬਾਕੀ ਹਨ ਜਿਸਮਾਨੀ ਬ੍ਰਾਹਮਣ, ਪੰਡੇ। ਉਹ ਬ੍ਰਹਮਾ ਮੁਖ ਵੰਸ਼ਾਵਲੀ ਨਹੀਂ ਹਨ। ਬ੍ਰਹਮਾ ਮੁਖ ਵੰਸ਼ਾਵਲੀ ਨੂੰ ਤਾਂ ਦਾਦੇ ਦਾ ਵਰਸਾ ਮਿਲਦਾ ਹੈ। ਉਹਨਾਂ ਬ੍ਰਾਹਮਣਾਂ ਨੂੰ ਵਰਸਾ ਕਿਥੋਂ ਮਿਲਦਾ! ਇਹਨਾਂ ਗੱਲਾਂ ਨੂੰ ਤਾਂ ਤੁਹਾਡੇ ਵਿੱਚ ਵੀ ਨੰਬਰਵਾਰ ਸਮਝ ਸਕਦੇ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਬੁੱਧੀ ਤੋਂ ਸਭ ਕੁੱਝ ਸਰੈਂਡਰ ਕਰ ਟ੍ਰਸਟੀ ਹੋ ਰਹਿਣਾ ਹੈ। ਬਹੁਤ ਸੰਭਾਲ ਨਾਲ ਸ਼੍ਰੀਮਤ ਪ੍ਰਮਾਣ ਕੰਮ ਕਰਨਾ ਹੈ।

2. ਬਾਬਾ ਅਤੇ ਵਰਸੇ ਨੂੰ ਯਾਦ ਕਰ ਅਪਾਰ ਖੁਸ਼ੀ ਦਾ ਅਨੁਭਵ ਕਰਨਾ ਹੈ। ਬਾਬਾ ਦੀ ਯਾਦ ਨਾਲ ਮੌਲਾਈ ਬਣ ਜਾਣਾ ਹੈ। ਸੱਚਾ ਆਸ਼ਿਕ ਬਣਨਾ ਹੈ।

ਵਰਦਾਨ:- ਸਮਾਉਣ ਅਤੇ ਸਮੇਟਣ ਦੀ ਸ਼ਕਤੀ ਦਵਾਰਾ ਇਕਾਗਰਤਾ ਦਾ ਅਨੁਭਵ ਕਰਨ ਵਾਲੇ ਸਾਰ ਸਵਰੂਪ ਭਵ

ਦੇਹ ਦੇਹ ਦੇ ਸੰਬੰਧਾਂ ਅਤੇ ਪਦਾਰਥਾਂ ਦਾ ਬਹੁਤ ਵਡਾ ਵਿਸਤਾਰ ਹੈ, ਸਭ ਤਰ੍ਹਾਂ ਦੇ ਵਿਸਤਾਰ ਨੂੰ ਸਾਰ ਸਵਰੂਪ ਵਿੱਚ ਲਿਆਉਣ ਦੇ ਲਈ ਸਮਾਉਣ ਅਤੇ ਸਮੇਟਣ ਦੀ ਸ਼ਕਤੀ ਚਾਹੀਦੀ ਹੈ। ਸਰਵ ਪ੍ਰਕਾਰ ਦੇ ਵਿਸਤਾਰ ਨੂੰ ਇੱਕ ਬਿੰਦੂ ਵਿੱਚ ਸਮਾ ਦਵੋ। ਮੈਂ ਵੀ ਬਿੰਦੂ, ਬਾਪ ਵੀ ਬਿੰਦੂ, ਇੱਕ ਬਾਪ ਬਿੰਦੂ ਵਿੱਚ ਸਾਰ ਸਮਾਇਆ ਹੋਇਆ ਹੈ। ਤਾਂ ਬਿੰਦੂ ਰੂਪ ਮਤਲਬ ਸਾਰ ਸਵਰੂਪ ਬਣਨਾ ਮਾਨਾ ਇਕਾਗਰਤਾ ਦੇ ਅਭਿਆਸ ਦਵਾਰਾ ਸੈਕਿੰਡ ਵਿੱਚ ਜਿੱਥੇ ਚਾਹੋ, ਜਦੋਂ ਚਾਹੋ ਬੁੱਧੀ ਉਸ ਸਥਿਤੀ ਵਿੱਚ ਸਥਿਤ ਹੋ ਸਕਦੀ ਹੈ।

ਸਲੋਗਨ:- ਜੋ ਸਦਾ ਰੂਹਾਨੀਅਤ ਦੀ ਸ਼ਥਿਤੀ ਵਿੱਚ ਰਹਿੰਦੇ ਹਨ ਉਹ ਰੂਹਾਨੀ ਗੁਲਾਬ ਹਨ।

******